ਨੰ: 6/7●/●5-ਰਸ1/1●2
ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜਰਵੇਸ਼ਨ ਸੈਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਮਿਤੀ, ਚੰਡੀਗੜ੍ਹ 18 ਜਨਵਰੀ, 2●●6

**ਵਿਸ਼ਾ: ਰਾਜ ਵਿੱਚ ਸਹਾਇਤਾ ਪ੍ਰਾਪਤ ਬੋਰਡਾਂ, ਕਾਰਪੋਰੇਸ਼ਨਾਂ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਰਾਜ ਵਿੱਚ ਆਬਾਦੀ ਦੇ ਆਧਾਰ ਤੇ ਪ੍ਰਤੀਨਿਧਤਾ ਦੇਣ ਬਾਰੇ।**

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਦੇ ਪੱਤਰ ਨੰ: 986-ਐਸ.ਡਬਲਯੂ1-74/5791 ਮਿਤੀ 29-3-1974 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਰਾਜ ਵਿੱਚ ਸਰਕਾਰੀ ਸਪਾਂਸਰਡ, ਕਾਰਪੋਰੇਸ਼ਨਾਂ, ਬੋਰਡਾਂ, ਆਟੋ-ਨਾਮਸ ਬਾਡੀਜ਼, ਮਿਊਂਸਪਲ ਕਮੇਟੀਆਂ, ਪੰਚਾਇਤ ਸੰਮਤੀਆਂ, ਜਿਲ੍ਹਾਂ ਪ੍ਰੀਸ਼ਦਾਂ ਆਦਿ ਵਿੱਚ ਰਾਜ ਦੀ ਰਾਖਵਾਂਕਰਨ ਨੀਤੀ ਲਾਗੂ ਹੈ। ਰਾਜ ਦੀਆਂ ਸੇਵਾਵਾਂ/ਸਿੱਧੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ ਨੂੰ ਰਾਜ ਵਿੱਚ ਆਬਾਦੀ ਦੇ ਆਧਾਰ ਤੇ ਮਿਤੀ 6-6-1974 ਤੋਂ 25% ਰਾਖਵਾਂਕਰਨ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਬੋਰਡਾਂ, ਕਾਰਪੋਰੇਸ਼ਨਾਂ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਵੀ ਅਨੁਸੂਚਿਤ ਜਾਤੀਆਂ ਨੂੰ ਰਾਖਵਾਂਕਰਨ ਨੀਤੀ ਅਨੁਸਾਰ ਪ੍ਰਤੀਨਿਧਤਾ ਦਿੱਤੀ ਜਾਣੀ ਬਣਦੀ ਹੈ। ਹੁਣ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵਲੋਂ ਮਿਤੀ 7-11-●5 ਨੂੰ ਹੁਕਮ ਪਾਸ ਕਰਕੇ ਰਾਜ ਦੀ ਆਬਾਦੀ ਦੇ ਸਨਮੁੱਖ ਬੋਰਡਾਂ, ਕਾਰਪੋਰੇਸ਼ਨਾਂ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਅਨੁਸੂਚਿਤ ਜਾਤੀ ਦੇ ਨਾਨ ਆਫੀਸ਼ੀਅਲ ਮੈਂਬਰ ਨਿਯੁਕਤ ਕਰਨ ਲਈ ਕਿਹਾ ਗਿਆ ਹੈ।

2. ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਵਿਭਾਗ ਅਧੀਨ ਆਉਂਦੇ ਬੋਰਡਾਂ, ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ 25% ਨਾਨ ਆਫੀਸ਼ੀਅਲ ਮੈਂਬਰ ਨਿਯੁਕਤ ਕਰਨ ਦੀ ਖੇਚਲ ਕੀਤੀ ਜਾਵੇ।

ਵਿਸ਼ਵਾਸ਼ਪਾਤਰ
ਸਹੀ/
(ਸੰਯੁਕਤ ਸਕੱਤਰ ਭਲਾਈ)

ਇਸ ਦਾ ਇੱਕ ਉਤਾਰਾ ਸਾਰੇ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/
(ਸੰਯੁਕਤ ਸਕੱਤਰ ਭਲਾਈ)

ਸੇਵਾ ਵਿਖੇ

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਰਾਜ ਦੇ ਸਮੂਹ ਪ੍ਰਮੁੱਖ ਸਕੱਤਰਾਂ,
ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ:ਵਿ:ਪੱ: ਨੰ: 6/7●/2●●5–ਰਸ1/1●3–●5 ਮਿਤੀ, ਚੰਡੀਗੜ੍ਹ 18–1–●6

ਸਹੀ/
(ਸੰਯੁਕਤ ਸਕੱਤਰ ਭਲਾਈ)

ਦਫਤਰ,
ਡਾਇਰੈਕਟਰ, ਅਨੁਸੂਚਿਤਜਾਤੀਆਂ ਅਤੇ ਪੱਛੜੀਆਂ ਸ੍ਰੇਣੀਆਂ, ਭਲਾਈ ਵਿਭਾਗ, ਪੰਜਾਬ,
ਐਸ.ਸੀ.ਓ.ਨੰ: 128–129 ਸੈਕਟਰ–34 ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਸ–26/ 37●9–25 ਮਿਤੀ, ਚੰਡੀਗੜ੍ਹ 28/2/●6

ਉਤਾਰਾ: ਸਮੂਹ ਜਿਲ੍ਹਾ ਭਲਾਈ ਅਫਸਰ, ਪੰਜਾਬ ਰਾਜ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ